## 56

# ਆਪਣੇ ਭਾਈਆਂ ਨੂੰ ਮਜ਼ਬੂਤ ਕਰਨਾ

## (18:22, 23; 19:1)

ਪੌਲੁਸ,ਮਸੀਹ ਵਿਚ ਆਪਣੇ ਭਾਈਆਂ ਨਾਲ ਪਿਆਰ ਕਰਦਾ ਸੀ। ਤੀਜੀ ਮਿਸ਼ਨਰੀ ਯਾਤਰਾ ਦੇ ਸ਼ੁਰੂ ਵਿਚ, ਪੌਲੁਸ ''ਗਲਾਤੀਆ ਅਤੇ ਫ਼ਰੂਗੀਆ ਦੇ ਦੇਸ਼ ਵਿਚ ਥਾਂ-ਥਾਂ ਫਿਰ ਕੇ ਸਾਰਿਆਂ ਚੇਲਿਆਂ ਨੂੰ ਤਕੜਾ ਕਰਦਾ ਗਿਆ'' (18:23)। ''ਬਪਤਿਸਮਾ ਕਦੋਂ ਬਪਤਿਸਮਾ ਨਹੀਂ ਹੁੰਦਾ?'' ਪਾਠ ਵਿਚ ਅਸੀਂ ਵੇਖਿਆ ਸੀ ਕਿ ਲੂਕਾ ਨੂੰ ''ਪੰਦਰਾਂ ਸੌ ਮੀਲ ਦੇ ਸਫ਼ਰ ਵਿਚ ਕਈ ਮਹੀਨੇ ਲੱਗੇ ਸਨ। ... ਤਿੰਨ ਆਇਤਾਂ ਵਿਚ ਪੂਰਾ ਕਰ ਦਿੱਤਾ।'' ਉਹ ਤਿੰਨ ਆਇਤਾਂ ਦੂਜੇ ਮਸੀਹੀ ਲੋਕਾਂ ਨਾਲ *ਸਾਡੇ* ਸਬੰਧਾਂ ਵਿਚ ਮਦਦਗਾਰ ਹੋ ਸਕਦੀਆਂ ਹਨ, ਸੋ ਆਓ ਕੁਝ ਵਕਤ ਕੱਢ ਕੇ ਉਨ੍ਹਾਂ ਨੂੰ ਖ਼ਾਸ ਤੌਰ ਤੇ ਵੇਖੀਏ।

### ਉਨ੍ਹਾਂ ਨਾਲ ਵਕਤ ਗੁਜ਼ਾਰੋ (18:22, 23)

ਪੌਲੁਸ ਨੂੰ ਆਪਣੇ ਭਾਈਆਂ ਨਾਲ ਵਕਤ ਗੁਜ਼ਾਰ ਕੇ ਖੁਸ਼ੀ ਹੁੰਦੀ ਸੀ। ਆਪਣੀ ਦੂਜੀ ਯਾਤਰਾ ਦੇ ਅਖ਼ੀਰ ਵਿਚ ਉਹ ਇਕ ਵਾਰ ਫਿਰ ਸੀਰੀਆ ਦੇ ''ਅੰਤਾਕੀਆ'' (ਆਇਤ 22) ਵਿਚ ਆਇਆ ਅਤੇ ''ਕੁਝ ਦਿਨ'' ਰਿਹਾ (ਆਇਤ 23)। ਹੋ ਸਕਦਾ ਹੈ ਕਿ ਅੰਤਾਕੀਆ ਵਿਚ ਸਿਆਲ ਦੇ ਮੌਸਮ ਵਿਚ ਰਿਹਾ ਹੋਵੇ, ਅਤੇ ਉਹਨੇ ਉਸ ਕਲੀਸੀਆ ਨਾਲ ਕੰਮ ਕੀਤਾ ਹੋਵੇ ਜੋ ਉਹਦੇ ਵਿਸ਼ਵਵਿਆਪੀ ਮਿਸ਼ਨ ਵਿਚ ਉਹਦੀ ਹੌਸਲਾ-ਅਫ਼ਜਾਈ ਕਰਦੀ ਸੀ। ਬਾਅਦ ਵਿਚ ਸ਼ਾਇਦ ਬਸੰਤ ਰੁੱਤੇ ਜਦ ਰਾਹ ਫੇਰ ਖੁੱਲ੍ਹ ਜਾਂਦੇ ਸਨ, ਤਾਂ ਆਪਣੀ ਤੀਜੀ ਯਾਤਰਾ ਲਈ ਉਹ ''ਉੱਥੋਂ ਚਲਿਆ ਗਿਆ'' (ਆਇਤ 23)।[1] ਉੱਥੋਂ ਜਾਣ ਵੇਲੇ ਬੇਸ਼ੱਕ ਉਹਦੇ ਮਨ ਵਿਚ ਅੰਤਾਕੀਆ ਵਿਚ ਆਪਣੇ ਭਾਈਆਂ ਨੂੰ ਮਿਲਣ ਦੀ ਯੋਜਨਾ ਹੋਵੇਗੀ ਜਿਵੇਂ ਕਿ ਉਹ ਹਰ ਯਾਤਰਾ ਦੇ ਅਖ਼ੀਰ ਵਿਚ ਕਰਦਾ ਸੀ। ਉਨ੍ਹਾਂ ਨੂੰ ਅਲਵਿਦਾ ਕਹਿੰਦਿਆਂ ਉਹਨੂੰ ਪਤਾ ਨਹੀਂ ਸੀ ਕਿ ਉਹ ਦੁਬਾਰਾ ਉਨ੍ਹਾਂ ਨੂੰ ਮਿਲੇਗਾ ਜਾਂ ਨਹੀਂ।

ਜਦ ਵੀ ਤੁਸੀਂ ਕਿਸੇ ਨੂੰ ''ਅਲਵਿਦਾ'' ਆਖੋ ਤਾਂ ਯਾਦ ਰੱਖੋ ਕਿ ਇਹ ਵਿਦਾਈ ਆਖ਼ਰੀ ਵੀ ਹੋ ਸਕਦੀ ਹੈ। ਇਹ ਯਕੀਨੀ ਬਣਾਏ ਬਗੈਰ ਕਦੇ ਕਿਸੇ ਤੋਂ ਜੁਦਾ ਨਾ ਹੋਵੋ ਕਿ ਜੇ ਤੁਸੀਂ ਉਸ ਨੂੰ ਫਿਰ ਕਦੇ ਨਹੀਂ ਮਿਲਦੇ ਤਾਂ ਵੀ ਤੁਹਾਡਾ ਰਿਸ਼ਤਾ ਬਾਰ-ਬਾਰ ਉਸਨੂੰ ਯਾਦ ਆਉਂਦਾ ਰਹੇ।

ਸਾਨੂੰ ਦੱਸਿਆ ਨਹੀਂ ਗਿਆ ਕਿ ਇਸ ਯਾਤਰਾ ਦੇ ਸ਼ੁਰੂ ਵਿਚ ਪੌਲੁਸ ਦੇ ਹੋਰ ਵੀ ਸਾਥੀ

ਸਨ ਜਾਂ ਨਹੀਂ, ਪਰ ਪੌਲੁਸ ਕਦੇ ਵੀ ਆਪਣੀ ਮਰਜ਼ੀ ਨਾਲ ਇਕੱਲਾ ਸਫ਼ਰ ਨਹੀਂ ਕਰਦਾ ਸੀ। ਬਾਅਦ ਵਿਚ ਲੂਕਾ ਨੇ ਜ਼ਿਕਰ ਕੀਤਾ ਕਿ ਅਫ਼ਸੁਸ ਵਿਚ ਤਿਮੋਥਿਉਸ ਸੀ (19:22); ਸ਼ਾਇਦ ਇਹ ਜਵਾਨ ਪ੍ਰਚਾਰਕ ਕੁਰਿੰਥੁਸ ਤੋਂ ਆਇਆ ਸੀ[2] ਅਤੇ ਪੌਲੁਸ ਦੇ ਨਾਲ ਰਲ ਗਿਆ ਸੀ।[3] 2 ਕੁਰਿੰਥੀਆਂ ਤੋਂ ਵੀ ਸਾਨੂੰ ਪਤਾ ਲਗਦਾ ਹੈ ਕਿ ਤੀਤੁਸ ਅਫ਼ਸੁਸ ਵਿਚ ਪੌਲੁਸ ਦੇ ਨਾਲ ਹੀ ਸੀ (2 ਕੁਰਿੰਥੀਆਂ 2:13; 7:6, 13, 14; 8:6, 16, 23; 12:18); ਇਹ ਵੀ ਹੋ ਸਕਦਾ ਹੈ ਕਿ ਅੰਤਾਕੀਆ ਤੋਂ ਜਾਣ ਵੇਲੇ ਤੀਤੁਸ ਪੌਲੁਸ ਦੇ ਨਾਲ ਹੋਵੇ।[4]

## ਜਿੱਥੇ ਵੀ ਜਾਓ, ਉਨ੍ਹਾਂ ਨੂੰ ਮਿਲੋ (18:23)

ਪੌਲੁਸ ਅਤੇ ਉਹਦੇ ਸਾਥੀ (ਜੋ ਵੀ ਸਨ) ਅੰਤਾਕੀਆ ਤੋਂ ਓਸੇ ਰਾਹ ਗਏ ਜਿਸ ਰਾਹ ਦੂਜੀ ਯਾਤਰਾ ਦੇ ਸ਼ੁਰੂ ਵਿਚ ਪੌਲੁਸ ਅਤੇ ਸੀਲਾਸ ਗਏ ਸਨ (''ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ'' ਵਾਲਾ ਨਕਸ਼ਾ ਵੇਖੋ)।[5] ਉਹ ਦੱਖਣੀ ਗਲਾਤੀਆ ਦੇ ਪਠਾਰ ਤਕ ਪਹੁੰਚਣ ਲਈ ਕਿੱਲਕੀਆ ਦੇ ਦੱਰਿਆਂ 'ਚੋਂ ਹੁੰਦੇ ਹੋਏ ਤੌਰੁਸ ਪਹਾੜੀਆਂ ਪਾਰ ਕਰਦਿਆਂ ਸੀਰੀਆ ਦੇ ਉੱਤੋਂ ਦੀ ਦੱਖਣ ਵੱਲ ਗਏ ਹੋਣਗੇ। ''ਗਲਾਤੀਆ ਅਤੇ ਫ਼ਰੁਗੀਆ'' ਚੋਂ ਹੁੰਦੇ ਹੋਏ (18:23ਅ) ਉਹ ਇਕ ਵਾਰ ਫੇਰ ਉਨ੍ਹਾਂ ਕਲੀਸੀਆਵਾਂ ਨੂੰ ਮਿਲ ਕੇ ਜੋ ਪਹਿਲੀ ਯਾਤਰਾ ਦੌਰਾਨ ਕਾਇਮ ਹੋਈਆਂ ਸਨ, ਅੱਗੇ ਨਿੱਕਲ ਗਏ। ਉਨ੍ਹਾਂ ਦਾ ਖ਼ਾਸ ਮਕਸਦ ਇਹ ਵੇਖਣਾ ਸੀ ਕਿ ਮਸੀਹੀ ਲੋਕਾਂ ਦਾ ਕੀ ਹਾਲ ਹੈ। ਸੋ ਪੌਲੁਸ ਅਤੇ ਉਹਦੇ ਸਾਥੀਆਂ ਨੇ ''ਸਾਰਿਆਂ ਚੇਲਿਆਂ ਨੂੰ ਤਕੜਾ'' ਕਰਨ ਲਈ ਉੱਥੇ ਕੁਝ ਵਕਤ ਗੁਜ਼ਾਰਿਆ (ਆਇ 23ੲ)।

ਇਕ ਵਾਰ ਫੇਰ ਸਾਡੀ ਇੱਛਾ ਹੈ ਕਿ ਲੂਕਾ ਯਾਤਰਾ ਦੇ ਇਸ ਭਾਗ ਬਾਰੇ ਜਾਣਕਾਰੀ ਦਿੰਦਾ। ਜੇ ਤਿਮੋਥਿਉਸ ਪੌਲੁਸ ਦੇ ਨਾਲ ਸੀ ਤਾਂ ਮੈਂ ਲੁਸਤਰਾ ਵਿਚ ਉਹਦੀ ਮਾਂ ਨਾਲ ਉਹਦੇ ਰੋ-ਰੋ ਕੇ ਮਿਲਣ ਦੀ ਕਲਪਨਾ ਕਰ ਸਕਦਾ ਹਾਂ। (ਉਹ ਉਹਨੂੰ ਅਜੇ ਵੀ ਜਿਊਂਦਾ ਵੇਖ ਕੇ ਦੰਗ ਰਹਿ ਗਈ ਹੋਵੇਗੀ।)

ਪੌਲੁਸ ਨੇ ਪ੍ਰਭੂ ਦੀ ਕਲੀਸੀਆ ਨੂੰ ਮਿਲਾਉਣ ਦੇ ਕਿਸੇ ਵੀ ਮੌਕੇ ਨੂੰ ਕਦੇ ਨਜ਼ਰਅੰਦਾਜ਼ ਨਹੀਂ ਕੀਤਾ ਅਤੇ ਨਾ ਹੀ ਸਾਨੂੰ ਕਰਨਾ ਚਾਹੀਦਾ ਹੈ।

## ਉਨ੍ਹਾਂ ਦੀ ਮਦਦ ਕਰੋ (18:22, 23)

ਪੌਲੁਸ ਦੀ ਤੀਜੀ ਯਾਤਰਾ ਦਾ ਮਕਸਦ ਲੂਕਾ ਦੇ ਦਬਾਅ ਕਰਕੇ ਨਹੀਂ[6] ਸਗੋਂ ਇਹ ਤਾਂ ਇਸ ਯਾਤਰਾ ਦੌਰਾਨ ਲਿਖੀਆਂ ਪੌਲੁਸ ਦੀਆਂ ਚਿੱਠੀਆਂ ਤੋਂ ਹੀ ਸਪਸ਼ਟ ਸੀ ਕਿ ਉਹ ''ਯਰੂਸ਼ਲਮ ਦੇ ਸੰਤਾਂ ਵਿੱਚੋਂ ਉਨ੍ਹਾਂ ਲਈ ਜਿਹੜੇ ਗਰੀਬ ਸਨ ਚੰਦਾ ਉਗਰਾਹੀ ਕਰਨ'' (ਰੋਮੀਆਂ 15:26) ਲਈ ਗਿਆ ਸੀ। ਇਸ ਲਈ ਗਲਾਤੀਆ ਤੋਂ ਜਾਂਦਿਆਂ ਉਹਨੇ ''ਗਲਾਤੀਆ ਦੀਆਂ ਕਲੀਸੀਆਵਾਂ ਨੂੰ ... ਹਫ਼ਤੇ ਦੇ ਪਹਿਲੇ ਦਿਨ'' ਚੰਦਾ ਇਕੱਠਾ ਕਰਨ ਦੀ ਹਿਦਾਇਤ ਕੀਤੀ (1 ਕੁਰਿੰਥੀਆਂ 16:1, 2)। ਉਹਨੇ ਉਸ ਇਲਾਕੇ ਦੇ ਚੋਣਵੇਂ ਲੋਕਾਂ ਵੱਲੋਂ ਚੰਦਾ ਪੂਰਾ ਕਰਨ ਅਤੇ ਉਸ ਚੰਦੇ ਨੂੰ ਬਾਅਦ ਵਿਚ ਯਰੂਸ਼ਲਮ ਵਿਚ ਦੇਣ ਦਾ ਇੰਤਜ਼ਾਮ ਵੀ ਕਰ ਲਿਆ ਸੀ (1 ਕੁਰਿੰਥੀਆਂ 16:3, 4; ਰਸੂਲਾਂ ਦੇ ਕੰਮ 20:4)।[7]

ਪੌਲੁਸ ਹਮੇਸ਼ਾ ਆਪਣੇ ਤੋਂ ਬਹੁਤੀ ਭਾਈਆਂ ਦੀ ਫ਼ਿਕਰ ਕਰਦਾ ਸੀ। ਕੀ ਅਸੀਂ ਵੀ ਆਪਣੇ ਭਾਈਆਂ ਦੀ ਫ਼ਿਕਰ ਕਰਦੇ ਹਾਂ?

## ਉਨ੍ਹਾਂ ਨਾਲ ਕੀਤਾ ਆਪਣਾ ਵਾਅਦਾ ਪੂਰਾ ਕਰੋ (18:21; 19:1)

ਗਲਾਤੀਆ ਅਤੇ ਫ਼ਰੂਗੀਆ ਵਿਚ ਆਪਣਾ ਕੰਮ ਪੂਰਾ ਕਰਨ ਦੇ ਬਾਅਦ ਪੌਲੁਸ ਅਤੇ ਉਹਦੇ ਸਾਥੀ ਪੱਛਮ ਵਾਲੇ ਪਾਸੇ ਅਫ਼ਸੁਸ ਵੱਲ ਨੂੰ ਨਿੱਕਲ ਪਏ। ਪੌਲੁਸ ਨੇ ਅਫ਼ਸੁਸ ਵਿਚ ਯਹੂਦੀਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਉਨ੍ਹਾਂ ਕੋਲ ਆਉਣ ਦੀ ਕੋਸ਼ਿਸ਼ ਕਰੇਗਾ (18:21) ਅਤੇ ਉਹ ਆਪਣਾ ਵਾਅਦਾ ਪੂਰਾ ਕਰ ਰਿਹਾ ਸੀ। ਇਹ ਲੋਕ ਅਬਰਾਹਾਮ ਵਿਚ ਪੌਲੁਸ ਦੇ ਭਰਾ ਸਨ ਅਤੇ ਉਸ ਨੂੰ ਉਨ੍ਹਾਂ ਦੇ ਮਸੀਹ ਵਿਚ ਆਪਣੇ ਭਾਈ ਬਣਨ ਦੀ ਉਮੀਦ ਸੀ।

ਕਿਸੇ ਰਿਸ਼ਤੇ ਨੂੰ ਤਦ ਤਕ ਕੋਈ ਨਹੀਂ ਵਿਗਾੜ ਸਕਦਾ ਜਦ ਤਕ ਉਸ ਰਿਸ਼ਤੇ ਵਿਚ ਇਕ ਧਿਰ ਬੇਈਮਾਨ ਨਾ ਹੋ ਜਾਵੇ। ਆਓ ਅਸੀਂ ਵਾਅਦਾ ਨਿਭਾਉਣ ਵਾਲੇ ਲੋਕ ਬਣ ਜਾਈਏ!

## ਸਾਰ

ਇਸ ਕਰਕੇ ''ਜਦ ਅਪੁੱਲੋਸ ਕੁਰਿੰਥੁਸ ਵਿਚ ਸੀ[8] ਤਾਂ ਪੌਲੁਸ ਉੱਪਰਲੇ ਇਲਾਕਿਆਂ ਵਿੱਚੋਂ ਦੀ ਲੰਘ ਕੇ[9] ਅਫ਼ਸੁਸ ਨੂੰ ਆਇਆ'' (19:1ੳ)। ਪੌਲੁਸ ਆਪਣੇ ਭਾਈਆਂ ਬਾਰੇ ਸਾਫ਼ ਨੀਅਤ ਨਾਲ ਆਇਆ ਸੀ। ਉਨ੍ਹਾਂ ਦੀ ਮਦਦ ਅਤੇ ਹੌਸਲਾ-ਅਫ਼ਜਾਈ ਲਈ ਜੋ ਕੁਝ ਵੀ ਕਰ ਸਕਦਾ ਸੀ ਉਹਨੇ ਕੀਤਾ। ਮੈਨੂੰ ਉਮੀਦ ਹੈ ਕਿ ਜ਼ਿੰਦਗੀ ਵਿਚ *ਅਸੀਂ* ਭਾਵੇਂ ਕਿਤੇ ਵੀ ਕਿਉਂ ਨਾ ਪਹੁੰਚ ਜਾਈਏ, ਸਾਡੇ ਲਈ ਇਹੀ ਗੱਲ ਕਹੀ ਜਾ ਸਕਦੀ ਹੈ।

---

ਟਿੱਪਣੀਆਂ

[1]ਉਹ 52 ਈਸਵੀ ਦੇ ਪਤਝੜ ਜਾਂ 53 ਈਸਵੀ ਦੀ ਬਸੰਤ ਰੁੱਤੇ ਗਿਆ ਹੋਵੇਗਾ। [2]ਲੂਕਾ ਨੇ ਇਹ ਜ਼ਿਕਰ ਨਹੀਂ ਕੀਤਾ ਕਿ ਸੀਲਾਸ ਜਾਂ ਤਿਮੋਥਿਉਸ ਪੌਲੁਸ ਨਾਲ ਕੁਰਿੰਥੁਸ ਤੋਂ ਗਏ ਸਨ (18:18)। ਇਸ ਕਰਕੇ ਅਸੀਂ ਪਿਛਲੇ ਇਕ ਪਾਠ ਵਿਚ ਸੁਝਾਅ ਦਿੱਤਾ ਸੀ ਕਿ ਹੋ ਸਕਦਾ ਹੈ ਕਿ ਪੌਲੁਸ ਨੇ ਕੁਰਿੰਥੁਸ ਵਿਚ ਕੰਮ ਜਾਰੀ ਰੱਖਣ ਲਈ ਉਹਨੂੰ ਉੱਥੇ ਛੱਡ ਦਿੱਤਾ ਹੋਵੇ। [3]ਕੁਝ ਹੋਰ ਸੰਭਾਵਨਾਵਾਂ ਹਨ: ਤਿਮੋਥਿਉਸ ਆਪਣੀ ਮਾਂ ਨਾਲ ਮਿਲਣ ਕੁਰਿੰਥੁਸ ਤੋਂ ਲੁਸਤ੍ਰਾ ਵਿਚ, ਜਾਂ ਪੌਲੁਸ ਦੇ ਅਫ਼ਸੁਸ ਵਿਚ ਪਹੁੰਚਣ ਦੇ ਬਾਅਦ ਕੁਰਿੰਥੁਸ ਵਿਚ ਅਫ਼ਸੁਸ ਤੋਂ ਜਹਾਜ਼ ਰਾਹੀਂ ਗਿਆ ਹੋਵੇਗਾ। [4]ਰਸੂਲਾਂ ਦੇ ਕੰਮ ਕਿਤਾਬ ਦਾ ਇਕ ਭੇਤ ਇਹ ਵੀ ਹੈ ਕਿ ਲੂਕਾ ਨੇ ਕਦੇ ਤੀਤੁਸ ਦਾ ਜ਼ਿਕਰ ਕਿਉਂ ਨਹੀਂ ਕੀਤਾ। ਇਹ ਵਿਆਖਿਆ ਹੋ ਸਕਦੀ ਹੈ ਕਿ ਤੀਤੁਸ ਲੂਕਾ ਦਾ ਰਿਸ਼ਤੇਦਾਰ ਸੀ। ਬਾਈਬਲ ਦੇ ਬਾਹਰ ਦੀ ਇਕ ਰਵਾਇਤ ਮੁਤਾਬਕ, ਲੂਕਾ ਵਾਂਗ ਤੀਤੁਸ ਵੀ ਸੂਰੀਆ ਦੇ ਅੰਤਾਕੀਆ ਦਾ ਰਹਿਣ ਵਾਲਾ ਸੀ (ਵੇਖੋ ਗਲਾਤੀਆਂ 1:21; 2:1) ਅਤੇ ਉਹਦੇ ਲਈ ਇਸ ਸਫ਼ਰ ਵਿਚ ਪੌਲੁਸ ਦੇ ਨਾਲ ਜਾਣਾ ਕੁਦਰਤੀ ਹੋਵੇਗਾ। [5]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ ''ਪੌਲੁਸ ਦੀ ਪਹਿਲੀ ਅਤੇ ਦੂਜੀ ਮਿਸ਼ਨਰੀ ਯਾਤਰਾ'' ਅਤੇ ਇਸ ਭਾਗ ਦੇ ''ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ'' ਵਾਲੇ ਨਕਸ਼ਿਆਂ ਦੀ ਤੁਲਨਾ ਕਰੋ। [6]ਇਸ ਯਾਤਰਾ ਵਿਚ ਖ਼ਾਸ ਚੰਦਾ ਦਿੱਤੇ ਜਾਣ ਦਾ ਲੂਕਾ ਨੇ ਰਸੂਲਾਂ ਦੇ ਕੰਮ 24:17 ਵਿਚ ਇੱਕੋ ਹਵਾਲਾ ਦਿੱਤਾ ਹੈ। [7]ਸੋਪਤਰੁਸ ਅਤੇ ਗਾਯੁਸ ਜੋ ਦੋਵੇਂ ਦਰਬੇ ਦੇ ਰਹਿਣ ਵਾਲੇ ਸਨ, ਬਾਅਦ ਵਿਚ ਇਸ ਪਰੋਪਕਾਰੀ ਮਿਸ਼ਨ ਵਿਚ ਪੌਲੁਸ ਦੇ ਨਾਲ ਗਏ (20:4)। ਲੁਸਤ੍ਰਾ ਦੀ ਨੁਮਾਇੰਦਗੀ ਕਰਨ ਲਈ, ਤਿਮੋਥਿਉਸ ਵੀ ਆਇਆ (20:4)। [8]ਅਪੁੱਲੋਸ ਦੀ ਕਹਾਣੀ ਲਈ, ''ਇਕ ਪ੍ਰਚਾਰਕ ਜਿਹਦੀ ਤਾਰੀਫ਼ ਕੀਤੇ ਬਗੈਰ ਮੈਂ ਨਹੀਂ ਰਹਿ ਸਕਦਾ'' ਪਾਠ ਵੇਖੋ। ਕੁਝ ਦੇਰ ਤਕ ਅਫ਼ਸੁਸ ਵਿਚ ਕੰਮ ਕਰਨ ਦੇ ਬਾਅਦ ਅਪੁੱਲੋਸ ਕੁਰਿੰਥੁਸ ਵਿਚ ਚਲਾ ਗਿਆ (18:27)। [9]ਇਸ ਤੋਂ ਸੰਕੇਤ ਮਿਲਦਾ ਹੈ ਕਿ ਪੌਲੁਸ ਨੇ ਅਫ਼ਸੁਸ ਵਿਚ ਜਾਣ ਲਈ ਪ੍ਰਚੱਲਿਤ ਵਪਾਰਕ ਰਾਹ ਨਹੀਂ ਫੜਿਆ, ਸਗੋਂ ਇਹਦੀ ਥਾਂ ਉਹ ਉਸ ਰਸਤੇ 'ਚੋਂ ਦੀ ਆਇਆ ਜਿਹੜਾ ਉੱਤਰ ਵਿੱਚੋਂ ਦੀ ਅਫ਼ਸੁਸ ਵਿਚ ਜਾਂਦਾ ਸੀ ਅਤੇ ਬਹੁਤ ਘੱਟ ਲੋਕ ਉਧਰੋਂ ਦੀ ਲੰਘਦੇ ਸਨ।

© 2009 Truth for Today